# ਬੱਚਿਆਂ ਲਈ ਬਾਈਬਲ

ਉੱਪਸਥਿਤ



# ਗਿਦਾਊਨ ਦੀ ਥੋੜੀ ਸੈਨਾ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Janie Forest

ਦੁਆਰਾ ਬਦਲਿਆ ਗਿਆ : Ruth Klassen

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਯਹੋਸ਼ੁਆ ਦੇ ਮਰਨ ਦੇ
ਬਾਅਦ, ਇਸਰਾਈਲੀ
ਲੋਕਾਂ ਨੇ ਪਰਮੇਸ਼ਵਰ ਦੀ
ਉਲੰਗਣਾ ਕੀਤੀ ਅਤੇ ਉਸਨੂੰ
ਆਪਣੀ ਜ਼ਿੰਦਗੀ ਵਿੱਚੋਂ ਕੱਢ
ਦਿੱਤਾ। ਪਰਮੇਸ਼ਵਰ ਨੇ
ਗੁਆਂਢੀ ਮਿਦਯਾਨੀਆਂ ਨੂੰ
ਇਸਰਾਈਲ ਦੀ ਫਸਲ
ਅਤੇ ਘਰ ਬਾਲਣ
ਦਿੱਤੇ। ਇਸਰਾਈਲੀਆਂ
ਨੂੰ ਗ਼ੁਫਾਵਾਂ ਵਿੱਚ
ਰਹਿਣਾਂ ਪੈਂਦਾ ਸੀਂ।


ਇੱਕ ਇਸਰਾਏਲੀ, ਗਿਦਾਊਨ, ਕੋਲ ਫਸਲ
ਉਗਾਉਣ ਲਈ ਜਰੂਰ ਗੁਪਤ ਸਥਾਨ ਹੋਣਾ
ਹੈ। ਉਹ ਇੱਕ ਵੱਡੇ ਦਰਖਤ ਦੇ ਥੱਲੇ
ਅੰਗੂਰਾਂ ਦੀ ਬਾਰੀ ਵਿੱਚ ਲੁਕ ਕੇ ਦਾਣੇ
ਛੱਟ ਰਿਹਾ ਸੀਂ। ਮਿਗਦਾਨੀਆਂ
ਨੂੰ ਉਸ ਜਗ੍ਹਾ ਦਾ ਪਤਾ
ਨਹੀ ਸੀਂ ਪਰ
ਪਰਮੇਸ਼ਵਰ ਜਾਣਦਾ
ਸੀਂ। ਪਰਮੇਸ਼ਵਰ ਨੇਂ
ਇੱਕ ਦੂਤ ਦੁਆਰਾ
ਗਿਦਾਊਨ ਨੂੰ ਸੰਦੇਸ਼
ਭੇਜਿਆ।

ਪਰਮੇਸ਼ਵਰ ਚਾਹੁੰਦਾਂ ਸੀ ਕੀ ਗਿਦਾਊਨ ਆਪਣੇ ਪਿਤਾ ਦੁਆਰਾ ਬਣਾਈ ਗਈ ਗ਼ੈਰਵਾਜਿਬ ਦੇਵਤਾ ਦੀ ਮੂਰਤ ਨੂੰ ਢਾਹ ਦੇਵੇ ਅਤੇ ਸੱਚੇ ਪਰਮੇਸ਼ਵਰ ਲਈ ਇੱਕ ਜਗਵੇਦੀ ਬਣਾਵੇ। ਭਾਂਵੇ ਗਿਦਾਊਨ ਡਰ ਗਿਆ ਸੀ ਕੀ ਉਸਦੇ ਦੇਸ਼ ਦੇ ਲੋੋਕ ਉਸਨੂੰ ਮਾਰ ਦੇਣਗੇ, ਤਾਂ ਵੀ ਉਸਨੇ ਪਰਮੇਸ਼ਵਰ ਦੇ ਕਹੇ ਅਨੁਸਾਰ ਕੀਤਾ।



ਪਰਮੇਸ਼ਵਰ ਇਹ ਵੀ ਚਾਹੁੰਦਾ ਸੀਂ ਕੀ ਗਿਦਾਊਨ ਇਸਰਾਏਲੀ ਸੈਨਾਂ ਦੀ ਅਗਵਾਈ ਦੁਸ਼ਟ ਮਿਗਦਾਨੀਆਂ ਦੇ ਖਿਲਾਫ ਕਰੇ। ਪਰ ਗਿਦਾਊਨ ਡਰਦਾ ਸੀਂ। ਉਸਨੇ ਇੱਕ ਅਨੋਖਾ ਚਿੰਨ੍ਹ ਮੰਗਿਆ ਜੋ ਸਾਬਿਤ ਕਰੇ ਪਰਮੇਸ਼ਵਰ ਉਸਦੇ ਨਾਲ ਹੈ। ਤਦ ਉਸਨੇ ਭੇਡ ਦੀ ਉੱਨ ਦੇ ਫੰਬੇ ਨੂੰ ਮੈਦਾਨ ਵਿੱਚ ਰੱਖਿਆ।





ਗਿਦਾਊਨ ਨੇਂ
ਪ੍ਰਾਥਨਾ ਕੀਤੀ,
“ਜੇਕਰ ਤ੍ਰੇਲ
ਸਿਰਫ ਉੱਨ ਦੇ
ਫੰਬਾ ਉੱਤੇ ਹੀ
ਪਵੇ ਅਰ ਆਲੇ
ਦੁਆਲੇ ਦੀ ਧਰਤੀ ਸਭ ਸੁੱਕੀ
ਰਹੇ, ਤਾਂ ਮੈ ਸੱਚ ਮੁੱਚ ਜਾਣਾਂਗਾ ਕੀ ਜਿੱਕਰ ਤੈਂ
ਆਖਿਆ ਹੈ, ਤਿਹਾ ਹੀ ਇਸਰਾਏਲ ਨੂੰ ਤੂੰ ਮੇਰੇ ਦੁਆਰਾ
ਛੁਟਕਾਰਾ ਦੇਵੇਂਗਾ।” ਪਰਭਾਤ ਦੇ ਵੇਲੇ, ਮੈਦਾਨ ਸੁੱਕਾ ਸੀਂ,
ਪਰ ਉੱਨ ਦਾ ਫੰਬਾ ਪੂਰੀ ਤਰ੍ਹਾਂ ਭਿਜਿਆ ਹੋਇਆ ਸੀਂ।

ਗਿਦਾਊਨ ਨੇਂ ਫਿਰ ਛੱਕ ਕੀਤਾ। ਹੁਣ
ਉਹ ਚਾਹੁੰਦਾ ਸੀਂ ਪਰਮੇਸ਼ਵਰ ਮੈਦਾਨ
ਉੱਤੇ ਤ੍ਰੇਲ ਪਾਵੇ ਪਰ ਉੱਨ ਦੇ ਫੰਬੇ ਤੇ
ਨਹੀਂ। ਅਗਲੀ ਪਰਭਾਤ – ਮੈਦਾਨ
ਭਿਜਿਆ ਹੋਇਆ ਸੀਂ ਅਤੇ ਉੱਨ
ਦਾ ਫੰਬਾ ਸੁੱਕਾ ਸੀਂ।



ਗਿਦਾਊਨ ਨੇਂ ਬੱਤੀ ਹਜ਼ਾਰ (32,000) ਸਿਪਾਹੀਆਂ ਨਾਲ ਪ੍ਰਸਥਾਨ ਕੀਤਾ। ਪਰਮੇਸ਼ਵਰ ਨੇਂ ਉਹਨਾਂ ਨੂੰ ਤਿੰਨ ਸੋ (300) ਹੀ ਕਰ ਦਿੱਤਾ। ਪਰਮੇਸ਼ਵਰ ਨਹੀਂ ਚਾਹੁੰਦਾ ਸੀਂ ਇਸਰਾਏਲ ਕਹੇ, “ਅਸੀਂ ਆਪਣੇ ਹੱਥਾਂ ਨਾਲ ਬਚੇ ਹਾਂ।” ਪਰਮੇਸ਼ਵਰ ਇਕੱਲਾ ਇਸਰਾਏਲ ਦਾ ਬਚਾਉਣ ਵਾਲਾ ਸੀਂ।



ਗਿਦਾਊਨ ਜਾਣਦਾ ਹੋਇਆ ਅਜੇ ਵੀ ਡਰਿਆ ਸੀ, ਪਰਮੇਸ਼ਵਰ ਨੇ ਉਸਨੂੰ ਚੋਰੀ - ਛਿਪੇ ਸੁਣਾਇਆ ਇੱਕ ਮਿਗਦਾਨੀ ਦੂਜੇ ਸਿਪਾਹੀ ਨੂੰ ਅਦਭੁਤ ਸੁਫਨੇ ਬਾਰੇ ਦੱਸ ਰਿਹਾ ਹੈ। ਸੁਫਨੇ ਵਿੱਚ, ਇੱਕ ਰੋਟੀ ਦਾ ਫੁਲਕਾ ਮਿਗਦਾਨੀਆਂ ਦੇ ਤੰਬੂ ਦੇ ਵਿਰੁੱਧ ਉਲਟ ਗਿਆ ਅਤੇ ਉਸਨੂੰ ਨਾਸ਼ ਕਰ ਦਿੱਤਾ।



ਦੂਜਾ ਪਹਿਰੇਦਾਰ ਡਰ ਗਿਆ। “ਇਹ ਤਾਂ ... ਗਿਦਾਊਨ ਦੀ ਤਲਵਾਰ ਹੈ ...” ਉਹ ਰੋਇਆ। ਜਦ ਗਿਦਾਊਨ ਨੇ ਸੁਫਨਾਂ ਅਤੇ ਉਸਦਾ ਅਰਥ ਸੁਣਿਆ, ਉਹ ਜਾਣ ਗਿਆ ਕੀ ਪਰਮੇਸ਼ਵਰ ਉਸ ਨੂੰ ਜਿੱਤ ਦੇਣ ਜਾ ਰਿਹਾ ਹੈ।



ਗਿਦਾਊਣ ਨੇਂ ਰਾਤ ਨੂੰ ਹਮਲੇ
ਦੀ ਯੋਜਨਾਂ ਬਣਾਈ। ਉਸਨੇ
ਹਰੇਕ ਸਿਪਾਹੀ ਨੂੰ ਤੂਰ੍ਹੀ, ਅਤੇ
ਖਾਲੀ ਸੁਰਾਹੀਆਂ ਵਿੱਚ ਮਸ਼ਾਲਾਂ
ਪਾ ਕੇ ਦਿੱਤੀਆਂ। ਉਹ
ਮਿਗਦਾਨੀ ਸੈਨਾਂ ਦੇ ਦੁਆਲੇ
ਫੈਲ ਗਏ।



ਗਿਦਾਊਨ ਦੇ ਇਸ਼ਾਰੇ ਤੇ, ਸਿਪਾਹੀਆਂ ਨੇ ਤੁਰਹੀਆਂ ਵਜਾ ਦਿੱਤੀਆਂ, ਉਹਨਾਂ ਦੇ ਘੜੇ ਟੁੱਟੇ ਅਤੇ ਉਹਨਾਂ ਦੀਆਂ ਮਸ਼ਾਲਾਂ ਰੁਸ਼ਨਾਈਆਂ। ਕਿਸ ਤਰ੍ਹਾਂ ਦੀ ਆਵਾਜ ਹੈ! ਕਿਸ ਤਰ੍ਹਾਂ ਦੀ ਗੜਬੜ ਹੈ! ਡਰੇ ਹੋਏ ਮਿਗਦਾਨੀ ਉੱਠੇ ਅਤੇ ਭੱਜ ਗਏ।



ਇਸ ਮਹਾਨ ਜਿੱਤ ਤੋਂ ਬਾਅਦ, ਇਸਰਾਏਲ ਦੇ ਮਨੁੱਖਾਂ ਨੇ ਗਿਦਾਊਨ ਨੂੰ ਆਪਣੇ ਉੱਤੇ ਸ਼ਾਸ਼ਨ ਕਰਨ ਲਈ ਆਖਿਆ। ਗਿਦਾਊਨ ਨੇ ਉੱਤਰ ਦਿੱਤਾ, “ਮੈਂ ਤੁਹਾਡੇ ਉੱਤੇ ਸ਼ਾਸ਼ਨ ਨਹੀ ਕਰਾਂਗਾ ... ਪਰਮੇਸ਼ਵਰ ਤੁਹਾਡੇ ਉੱਤੇ ਸ਼ਾਸ਼ਨ ਕਰੇਗਾ।” ਉਹ ਜਾਣ ਗਿਆ ਸੀਂ ਕੀ ਸਿਰਫ ਪਰਮੇਸ਼ਵਰ ਨੂੰ ਹੀ ਲੋਕਾਂ ਦੀ ਜ਼ਿੰਦਗੀ ਤੇ ਸ਼ਾਸ਼ਨ ਕਰਨ ਦਾ ਅਧਿਕਾਰ ਹੈ।



# ਗਿਦਾਊਨ ਦੀ ਥੋੜੀ ਸੈਨਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਨਿਆਈਆਂ 6-8

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ਼ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੁੰਨਾ ਦੀ ਇੰਜ਼ੀਲ 3:16